ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ, ਐਸ.ਏ.ਐਸ ਨਗਰ।
(ਬਜਟ ਸਾਖਾ)

ਵੱਲ:

1. ਸਮੂਹ ਜਿਲਾ ਸਿੱਖਿਆ ਅਫਸਰ(ਸੈ:ਸਿ)
2. ਸਮੂਹ ਜਿਲਾ ਸਿੱਖਿਆ ਅਫਸਰ(ਐ:ਸਿ)
3. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ
4. ਸਮੂਹ ਸਰਕਾਰੀ ਸਕੂਲਾਂ ਦੇ ਮੁੱਖੀ

716
4/7/18

ਮੀਮੋ ਨੰ: 10/2-17 ਬਜਟ (4)/2018254481
ਮਿਤੀ ਐਸ.ਏ.ਐਸ ਨਗਰ: 27-6-18 / 4-7-18

ਵਿਸ਼ਾ: ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਬਿਜਲੀ ਬਚਾਉਣ ਸਬੰਧੀ।

×××××××

ਉਪਰੋਕਤ ਵਿਸ਼ੇ ਸਬੰਧੀ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਬਿਜਲੀ ਬਚਾਉਣ ਸਬੰਧੀ ਹੇਠ ਲਿਖੇ ਨੁਕਤਿਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ:-

1. ਸਵੇਰੇ ਸਕੂਲ ਟਾਇਮ ਤੋਂ ਪਹਿਲਾਂ ਲਾਇਟਾਂ ਅਤੇ ਪੱਖੇ ਨਾ ਚਲਾਏ ਜਾਣ ਅਤੇ ਸ਼ਾਮ ਸਕੂਲ ਬੰਦ ਹੋਣ ਸਮੇਂ ਸਾਰੇ ਕਲਾਸ ਰੂਮਜ਼ ਦੀਆਂ ਲਾਇਟਾਂ ਅਤੇ ਪੱਖੇ ਤੁਰੰਤ ਬੰਦ ਕਰਵਾਏ ਜਾਣ।
2. ਸਕੂਲ ਵਿੱਚ ਲੱਗੀਆਂ ਕਿਆਰੀਆਂ/ਫੁਲਾਂ/ਪਾਰਕਾਂ ਆਦਿ ਨੂੰ ਪਾਣੀ ਲਗਾਉਣ ਸਮੇਂ ਹੀ ਪਾਣੀ ਵਾਲੀ ਮੋਟਰ ਚਲਾਈ ਜਾਵੇ। ਵਿਅਰਥ ਪਾਣੀ ਅਤੇ ਬਿਜਲੀ ਜਾਇਆ ਨਾ ਕੀਤੀ ਜਾਵੇ।
3. ਸਕੂਲਾਂ ਦੀ ਕੰਪਿਊਟਰ ਲੈਬ ਵਿੱਚ ਕੰਪਿਊਟਰ/ਪ੍ਰਿਟਰ ਕੇਵਲ ਜਰੂਰਤ ਪੈਣ ਤੇ ਹੀ ਚਲਾਏ ਜਾਣ। ਕੰਪਿਊਟਰ ਕਲਾਸ ਖਤਮ ਹੋਣ ਤੇ ਸਾਰੇ ਕੰਪਿਊਟਰ ਬੰਦ ਕਰ ਦਿੱਤੇ ਜਾਣ।
4. ਜੇਕਰ ਕਲਾਸ ਬਾਹਰ ਜਾਂ ਸਕੂਲ ਦੇ ਵਰਾਂਡੇ ਵਿੱਚ ਲਗਾਈ ਜਾਂਦੀ ਹੈ ਤਾਂ ਕਲਾਸ ਰੂਮ ਦੀ ਲਾਈਟ ਅਤੇ ਪੱਖੇ ਬੰਦ ਕੀਤੇ ਜਾਣ।
5. ਸਕੂਲਾਂ ਵਿੱਚ ਹੀਟਰ ਦੀ ਵਰਤੋਂ ਨਾ ਕੀਤੀ ਜਾਵੇ।

812
6/7/18

ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਮਾਨਸਾ
ਪਿ.ਅ-ਸ.ਸ. ਸੀ-1/1 (ਹ) 2018-19/4423 ਮਿਤੀ ਮਾਨਸਾ 9/7/18
ਉਪਰੋਕਤ ਦਾ ਉਤਾਰਾ ਸਮੂਹ ਪ੍ਰਿੰਸੀਪਲ/ਮੁੱਖ-ਅਧਿਆਪਕਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

09/07/18
ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਮਾਨਸਾ